# ਨਮੂਨਾ, ਇਹ ਪੰਨਾ ਸਿਰਫ਼ ਸੰਦਰਭ ਲਈ ਹੈ

EDD ਕਾੱਲ ਸੈਂਟਰ
ਸ਼ਹਿਰ ਕੈਲੀਫੋਰਨੀਆ ਜ਼ਿਪ ਕੋਡ

EDD Employment Development Department State of California

ਡਾਕ ਨਾਲ ਭੇਜਣ ਦੀ ਤਾਰੀਖ਼: **00/00/0000**

ਸਿਰਫ਼ ਆਫਿਸ ਦੀ ਵਰਤੋਂ ਲਈ: **000000000**

EDD ਦੇ ਟੇਲੀਫੋਨ ਨੰਬਰ:

| | |
|---|---|
| ਅੰਗਰੇਜ਼ੀ | 1-800-300-5616 |
| ਸਪੇਨਿਸ਼ | 1-800-326-8937 |
| ਕੈਂਟੋਨੀਜ਼ | 1-800-547-3506 |
| ਮੈਂਡਾਰਿਨ | 1-866-303-0706 |
| ਵਿਅਤਨਾਮੀ | 1-800-547-2058 |
| TTY (ਬਿਨਾ ਵੌਇਸ ਵਾਲਾ) | 1-800-815-9387 |
| ਵੈੱਬਸਾਇਟ: | **www.edd.ca.gov** |

ਦਾਅਵੇਦਾਰ ਦਾ ਨਾਮ
ਦਾਅਵੇਦਾਰ ਦਾ ਪਤਾ
ਸ਼ਹਿਰ ਕੈਲੀਫੋਰਨੀਆ ਜ਼ਿਪ ਕੋਡ

## ਬੇਰੁਜ਼ਗਾਰੀ ਬੀਮੇ ਦੇ ਅਵਾਰਡ (ਦਿੱਤੇ ਜਾਣ) ਦਾ ਨੋਟਿਸ

ਇਹ ਨੋਟਿਸ ਇਸ ਗੱਲ ਦਾ ਆਖਰੀ ਫੈਸਲਾ ਨਹੀਂ ਹੈ ਕਿ ਕੀ ਤੁਸੀਂ ਬੇਰੁਜ਼ਗਾਰੀ ਬੀਮਾ (UI) ਫਾਇਦੀਆਂ ਨੂੰ ਪ੍ਰਾਪਤ ਕਰਨ ਦੇ ਯੋਗ ਹੋ ਜਾਂ ਨਹੀਂ। ਇਸ ਨੋਟਿਸ ਦੀ ਧਿਆਨ ਨਾਲ ਸਮੀਖਿਆ ਕਰੋ ਅਤੇ ਪੱਕਾ ਕਰੋ ਕਿ ਥੱਲ੍ਹੇ ਦਿੱਤੇ ਗਏ ਟੇਬਲ ਵਿੱਚ ਦਿੱਤੀ ਤੁਹਾਡੀ ਰੁਜ਼ਗਾਰਦਾਤਾ ਅਤੇ ਮਜ਼ਦੂਰੀ ਜਾਣਕਾਰੀ ਠੀਕ ਹੈ ਜਾਂ ਨਹੀਂ। ਹੇਠਾਂ ਦਿੱਤੇ ਟੇਬਲ ਵਿੱਚ ਤਨਖ਼ਾਹ ਕਿਉਂ ਨਹੀਂ ਦਿਖਾਈ ਦੇ ਰਹੀ ਹੈ ਅਤੇ ਵਾਧੂ ਹਿਦਾਇਤਾਂ ਲਈ, ਇਸ ਬਾਰੇ ਜਾਣਕਾਰੀ ਲਈ ਇਸ ਨੋਟਿਸ ਦੇ ਪਿੱਛੇ ਵੇਖੋ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਜੇਕਰ ਤੁਸੀਂ ਇਸ ਟੇਬਲ ਵਿੱਚ ਦਿੱਤੀ ਕਿਸੇ ਵੀ ਜਾਣਕਾਰੀ ਨਾਲ ਅਸਹਿਮਤ ਹੋ ਜਾਂ ਜੇ ਤੁਸੀਂ ਸੋਚਦੇ ਹੋ ਕਿ ਇਸ ਟੇਬਲ ਚੋਂ ਜਾਣਕਾਰੀ ਗਾਇਬ ਹੈ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ।

| | | | | | |
|---|---|---|---|---|---|
| **1.** | ਦਾਅਵਾ ਸ਼ੁਰੂ ਹੋਣ ਦੀ ਤਾਰੀਖ਼: | 00/00/0000 | **2.** | ਦਾਅਵਾ ਖ਼ਤਮ ਹੋਣ ਦੀ ਤਾਰੀਖ਼: | 00/00/0000 |
| **3.** | ਅਧਿਕਤਮ ਫਾਇਦਾ ਰਾਸ਼ੀ: | $0000 | **4.** | ਹਫ਼ਤੇਵਾਰ ਫਾਇਦਾ ਰਾਸ਼ੀ: | $000 |
| **5.** | ਕੁੱਲ ਤਨਖ਼ਾਹ: | 00,000.00 | **6.** | ਸਭ ਤੋਂ ਵੱਧ ਤਿਮਾਹੀ ਕਮਾਈ: | 0,000.00 |

**7.** ਇਹ ਆਈਟਮ ਤੁਹਾਡੇ ਦਾਅਵੇ ਤੇ ਲਾਗੂ ਨਹੀਂ ਹੁੰਦੀ ਹੈ। ਵਧੇਰੀ ਜਾਣਕਾਰੀ ਲਈ, ਪਿਛਲੇ ਪਾਸੇ ਦਿੱਤੀ ਆਈਟਮ 7 ਵੇਖੋ।

**8.** **ਤੁਹਾਡਾ ਹਰ ਹਫ਼ਤੇ ਫੁੱਲ ਟਾਈਮ ਕੰਮ ਦੀ ਭਾਲ ਕਰਨਾ ਲਾਜ਼ਮੀ ਹੈ।** ਹੋਰ ਜਾਣਕਾਰੀ ਲਈ, ਹੈਂਡਬੁੱਕ, ਫਾਇਦੀਆਂ ਅਤੇ ਰੁਜ਼ਗਾਰ ਸੇਵਾਵਾਂ ਲਈ ਇੱਕ ਗਾਈਡ, DE 1275A, ਵਿੱਚ ਵੇਖੋ, ਜੋ www.edd.ca.gov/forms/ 'ਤੇ ਔਨਲਾਈਨ ਉਪਲਬਧ ਹੈ।

**9.** ਇਹ ਆਈਟਮ ਤੁਹਾਡੇ ਦਾਅਵੇ ਤੇ ਲਾਗੂ ਨਹੀਂ ਹੁੰਦੀ ਹੈ।

**10.** ਇਹ ਦਾਅਵਾ ਅਵਾਰਡ ਦੀ ਗਣਨਾ (ਮਿਆਰੀ ਜਾਂ ਵਿਕਲਪਿਕ) ਬੇਸ ਪੀਰੀਅਡ ਦੇ ਆਧਾਰ ਤੇ ਕੀਤੀ ਗਈ ਹੈ।

| **11. ਰੁਜ਼ਗਾਰਦਾਤਾ ਦਾ ਨਾਮ:** | **12. ਇਸ ਤਾਰੀਖ਼ ਨੂੰ ਖਤਮ ਹੋਣ ਵਾਲੀ ਤਿਮਾਹੀ ਲਈ ਕਰਮਚਾਰੀ ਦੀ ਤਨਖ਼ਾਹ:** | | | | **13. ਰੁਜ਼ਗਾਰਦਾਤਾ ਦਾ ਨਾਮ:** |
|---|---|---|---|---|---|
| | **ਮਹੀਨਾ/ਸਾਲ** | **ਮਹੀਨਾ/ਸਾਲ** | **ਮਹੀਨਾ/ਸਾਲ** | **ਮਹੀਨਾ/ਸਾਲ** | |
| ਦਾਅਵੇਦਾਰ ਦਾ ਨਾਮ | 0,000 | 0,000 | 0,000 | 0,000 | ABC CO |
| **14. ਕੁੱਲ:** | **0,000** | **0,000** | **0,000** | **0,000** | |

**ਅਗਲੇ ਪੰਨੇ ਤੇ ਮਹਤੱਵਪੂਰਨ ਜਾਣਕਾਰੀ ਦਿੱਤੀ ਗਈ ਹੈ**

**ਤੁਹਾਡੀ ਕਰਮਚਾਰੀ ਦੀਆਂ ਤਨਖ਼ਾਹਾਂ "$0" ਦਿਖਾਈ ਦੇ ਸਕਦੀਆਂ ਹਨ ਅਤੇ/ਜਾਂ ਕੋਈ ਰੁਜ਼ਗਾਰਦਾਤਾ ਇਸ ਨੋਟਿਸ ਦੇ ਦੂਜੇ ਪਾਸੇ ਟੇਬਲ ਤੋਂ ਗਾਇਬ ਹੋ ਸਕਦਾ ਹੈ ਜੇਕਰ:**

- ਤੁਹਾਡੀ ਪਛਾਣ ਦੀ EDD ਦੁਆਰਾ ਪੁਸ਼ਟੀ ਕੀਤੇ ਜਾਣ ਦੀ ਲੋੜ ਹੈ। ਇਸ ਸਥਿਤੀ ਵਿੱਚ, EDD ਤੁਹਾਨੂੰ ਪਛਾਣ ਤਸਦੀਕ ਲਈ ਇੱਕ ਬੇਨਤੀ ਭੇਜੇਗਾ, ਅਤੇ ਤੁਹਾਨੂੰ ਆਪਣੇ ਦਾਅਵੇ ਨਾਲ ਅੱਗੇ ਵਧਣ ਲਈ ਉਸ ਫਾਰਮ 'ਤੇ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ।
- ਤੁਹਾਡੀਆਂ ਕਮਾਈਆਂ ਦੀ ਰਿਪੋਰਟ ਇੱਕ ਗਲਤ SSN (ਸਮਾਜਕ ਸੁਰੱਖਿਆ ਨੰਬਰ) ਦੇ ਤਹਿਤ ਕੀਤੀ ਗਈ ਸੀ। ਇਸ ਸਥਿਤੀ ਵਿੱਚ, ਕਿਰਪਾ ਕਰਕੇ EDD ਨਾਲ ਸੰਪਰਕ ਕਰੋ। (ਹੇਠਾਂ ਦਿੱਤੀਆਂ ਹਿਦਾਇਤਾਂ ਦੇਖੋ।)
- ਤੁਸੀਂ ਇੱਕ ਸੰਘੀ ਏਜੰਸੀ ਲਈ ਕੰਮ ਕੀਤਾ ਹੈ ਅਤੇ ਤਨਖ਼ਾਹਾਂ ਦੀ ਪੁਸ਼ਟੀ ਕੀਤੀ ਜਾ ਰਹੀ ਹੈ। ਇਸ ਸਥਿਤੀ ਵਿੱਚ, ਤਨਖ਼ਾਹਾਂ ਦੀ ਪੁਸ਼ਟੀ ਹੋਣ 'ਤੇ EDD ਤੁਹਾਨੂੰ ਅਵਾਰਡ ਦਾ ਇੱਕ ਸੋਧਿਆ ਹੋਇਆ ਨੋਟਿਸ ਭੇਜੇਗਾ ਜਾਂ ਤੁਹਾਡੇ ਤੋਂ ਵਾਧੂ ਜਾਣਕਾਰੀ ਦੀ ਲੋੜ ਪੈਣ 'ਤੇ ਡਾਕ ਰਾਹੀਂ ਤੁਹਾਡੇ ਨਾਲ ਸੰਪਰਕ ਕਰੇਗਾ।
- ਤੁਹਾਡੇ ਰੁਜ਼ਗਾਰਦਾਤਾ ਨੇ ਤੁਹਾਡੀਆਂ ਤਨਖ਼ਾਹਾਂ ਦੀ ਰਿਪੋਰਟ ਨਹੀਂ ਕੀਤੀ। ਉਦਾਹਰਨ ਲਈ, ਇਹ ਤਾਂ ਹੋ ਸਕਦਾ ਹੈ ਜੇਕਰ ਤੁਹਾਡੇ ਰੁਜ਼ਗਾਰਦਾਤਾ ਨੇ ਤੁਹਾਨੂੰ ਇੱਕ ਸੁਤੰਤਰ ਠੇਕੇਦਾਰ ਕਿਹਾ ਹੈ ਅਤੇ ਤੁਹਾਨੂੰ ਇੱਕ 1099 ਟੈਕਸ ਫਾਰਮ ਜਾਰੀ ਕੀਤਾ ਹੈ। ਇਸ ਸਥਿਤੀ ਵਿੱਚ, ਕਿਰਪਾ ਕਰਕੇ EDD ਨਾਲ ਸੰਪਰਕ ਕਰੋ। (ਹੇਠਾਂ ਦਿੱਤੀਆਂ ਹਿਦਾਇਤਾਂ ਦੇਖੋ।)

**ਜੇ ਤੁਸੀਂ ਇਸ ਨੋਟਿਸ ਦੇ ਦੂਜੇ ਪਾਸੇ ਦਿੱਤੇ ਟੇਬਲ ਵਿੱਚ ਦਿੱਤੀ ਜਾਣਕਾਰੀ ਨਾਲ ਅਸਹਿਮਤ ਹੋ, ਜਿਸ ਵਿੱਚ ਸ਼ਾਮਲ ਹਨ:**

- ਤੁਹਾਡੀ ਤਨਖ਼ਾਹ ਗਾਇਬ ਹੈ ਜਾਂ ਗਲਤ ਹੈ।
- ਕੋਈ ਰੁਜ਼ਗਾਰਦਾਤਾ ਸੂਚੀਬੱਧ ਨਹੀਂ ਹੈ, ਜਾਂ ਕੋਈ ਰੁਜ਼ਗਾਰਦਾਤਾ ਸੂਚੀਬੱਧ ਹੈ ਜਿਸ ਲਈ ਤੁਸੀਂ ਕੰਮ ਨਹੀਂ ਕੀਤਾ (ਅਤੇ ਤੁਸੀਂ ਇੱਕ ਸੰਘੀ ਕਰਮਚਾਰੀ ਨਹੀਂ ਸੀ)।

ਫਿਰ ਤੁਹਾਨੂੰ ਇਸ ਨੋਟਿਸ ਦੇ ਸਿਖਰ 'ਤੇ ਛਪੀ "ਡਾਕ ਨਾਲ ਭੇਜਣ ਦੀ ਤਾਰੀਖ਼" ਦੇ 30 ਕੈਲੰਡਰ ਦਿਨਾਂ ਦੇ ਅੰਦਰ-ਅੰਦਰ ਇਸ ਨੋਟਿਸ ਦੇ ਦੂਜੇ ਪਾਸੇ EDD ਡਾਕ ਪਤੇ 'ਤੇ ਇੱਕ ਚਿੱਠੀ ਭੇਜ ਕੇ **EDD ਨਾਲ ਸੰਪਰਕ ਕਰਨਾ ਲਾਜ਼ਮੀ ਹੈ**। ਜੇਕਰ ਤੁਸੀਂ 30 ਦਿਨਾਂ ਦੇ ਅੰਦਰ-ਅੰਦਰ EDD ਨਾਲ ਸੰਪਰਕ ਨਹੀਂ ਕਰਦੇ, ਤਾਂ ਤੁਸੀਂ EDD ਨੂੰ ਸੂਚਿਤ ਕਰਨ ਦਾ ਆਪਣਾ ਮੌਕਾ ਗੁਆ ਸਕਦੇ ਹੋ ਕਿ ਤੁਹਾਡੇ ਦਾਅਵੇ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਇਹ ਨਿਰਧਾਰਤ ਕੀਤਾ ਜਾ ਸਕੇ ਕਿ ਕੀ ਤੁਹਾਡੇ ਅਵਾਰਡ ਨੂੰ ਕਿਸੇ ਵੱਖਰੀ ਰਕਮ ਵਿੱਚ ਬਦਲਿਆ ਜਾਣਾ ਚਾਹੀਦਾ ਹੈ। EDD ਚੰਗੇ ਕਾਰਨ ਲਈ ਇਸ 30 ਦਿਨਾਂ ਦੀ ਮਿਆਦ ਨੂੰ ਵਧਾ ਸਕਦਾ ਹੈ।

**ਕਿਰਪਾ ਕਰਕੇ ਪ੍ਰਦਾਨ ਕਰੋ:**

- ਤੁਹਾਡਾ ਪੂਰਾ ਨਾਮ, ਪਤਾ, ਅਤੇ ਸਮਾਜਕ ਸੁਰੱਖਿਆ ਨੰਬਰ, ਅਤੇ
- ਤਨਖ਼ਾਹ ਦਾ ਸਬੂਤ (ਇੱਕ W-2 ਜਾਂ 1099, ਪੇਅ ਸਟੱਬ, ਨਕਦੀ ਦੀਆਂ ਰਸੀਦਾਂ ਜਾਂ ਤੁਹਾਡੀ ਕਮਾਈ ਦਿਖਾਉਣ ਵਾਲੇ ਹੋਰ ਦਸਤਾਵੇਜ਼) ਅਤੇ ਕੋਈ ਵੀ ਰੁਜ਼ਗਾਰ ਜਾਣਕਾਰੀ ਜੋ ਤੁਸੀਂ ਆਪਣੇ ਦਾਅਵੇ ਵਿੱਚ ਸ਼ਾਮਲ ਕਰਨਾ ਚਾਹੁੰਦੇ ਹੋ, ਜਾਂ
- ਜੇ ਤੁਸੀਂ ਟੇਬਲ ਵਿੱਚ ਕਿਸੇ ਰੁਜ਼ਗਾਰਦਾਤਾ ਲਈ ਕੰਮ ਨਹੀਂ ਕੀਤਾ, ਤਾਂ ਇੱਕ ਬਿਆਨ ਕਿ ਤੁਸੀਂ ਸੂਚੀਬੱਧ ਰੁਜ਼ਗਾਰਦਾਤਾ ਲਈ ਕੰਮ ਨਹੀਂ ਕੀਤਾ।

**ਮਹੱਤਵਪੂਰਨ:** ਜੇਕਰ ਤੁਸੀਂ ਇਸ ਨੋਟਿਸ ਦੇ ਦੂਜੇ ਪਾਸੇ ਕਿਸੇ ਗਲਤ ਰੁਜ਼ਗਾਰ ਜਾਂ ਉਜਰਤ ਦੀ ਜਾਣਕਾਰੀ ਬਾਰੇ EDD ਨੂੰ ਸੂਚਿਤ ਕਰਨ ਵਿੱਚ ਅਸਫਲ ਰਹਿੰਦੇ ਹੋ, ਤਾਂ ਤੁਸੀਂ ਇੱਕ ਵਾਧੂ ਭੁਗਤਾਨ, ਅਤੇ ਹੋਰ ਅਯੋਗਤਾਵਾਂ ਅਤੇ ਜੁਰਮਾਨਿਆਂ ਦੇ ਅਧੀਨ ਹੋ ਸਕਦੇ ਹੋ ਜੇਕਰ ਤੁਸੀਂ ਜਾਣਬੁੱਝ ਕੇ ਜਾਣਕਾਰੀ ਨੂੰ ਰੋਕ ਕੇ ਰੱਖਦੇ ਹੋ।

**ਇਸ ਨੋਟਿਸ ਦੇ ਦੂਜੇ ਪਾਸੇ ਸੂਚੀਬੱਧ ਹਰੇਕ ਆਈਟਮ ਲਈ ਹੇਠਾਂ ਦਿੱਤੀ ਗਈ ਵਾਧੂ ਜਾਣਕਾਰੀ ਹੈ:**

1. ਤੁਹਾਡਾ ਦਾਅਵਾ ਸ਼ੁਰੂ ਹੋਣ ਦੀ ਤਾਰੀਖ਼।
2. ਤੁਹਾਡਾ ਦਾਅਵਾ ਖਤਮ ਹੋਣ ਦੀ ਤਾਰੀਖ਼।
3. ਉਹ ਕੁੱਲ ਰਾਸ਼ੀ ਜੋ ਤੁਸੀਂ ਇਸ ਦਾਅਵੇ ਤੋਂ ਪ੍ਰਾਪਤ ਕਰ ਸਕਦੇ ਹੋ।
4. ਵੱਧ ਤੋਂ ਵੱਧ ਰਾਸ਼ੀ ਜੋ ਤੁਹਾਨੂੰ ਹਰ ਹਫ਼ਤੇ ਅਦਾ ਕੀਤੀ ਜਾ ਸਕਦੀ ਹੈ, ਜੇਕਰ ਤੁਸੀਂ ਹਫ਼ਤਾਵਾਰੀ ਯੋਗਤਾ ਲੋੜਾਂ ਨੂੰ ਪੂਰਾ ਕਰਦੇ ਹੋ।
5. ਆਈਟਮ 12 ਲਈ ਟੇਬਲ ਵਿੱਚ ਸੂਚੀਬੱਧ ਤਿਮਾਹੀ ਦੌਰਾਨ ਰੁਜ਼ਗਾਰਦਾਤਾ(ਆਂ) ਦੁਆਰਾ ਰਿਪੋਰਟ ਕੀਤੀ ਕਮਾਈ ਦੀ ਕੁੱਲ ਰਕਮ। ਇਹਨਾਂ ਕਮਾਈਆਂ ਦੀ ਵਰਤੋਂ ਤੁਹਾਡੀ ਵੱਧ ਤੋਂ ਵੱਧ ਫਾਇਦੇ ਦੀ ਰਕਮ ਦੀ ਗਣਨਾ ਕਰਨ ਲਈ ਕੀਤੀ ਗਈ ਸੀ।
6. ਸਭ ਤੋਂ ਵੱਧ ਕਮਾਈਆਂ ਵਾਲੀ ਆਈਟਮ 12 ਲਈ ਟੇਬਲ ਵਿੱਚ ਸੂਚੀਬੱਧ ਕੈਲੰਡਰ ਤਿਮਾਹੀ। ਇਹ ਕਮਾਈਆਂ ਤੁਹਾਡੀ ਹਫ਼ਤਾਵਾਰੀ ਫਾਇਦੇ ਦੀ ਰਕਮ ਨਿਰਧਾਰਤ ਕਰਦੀਆਂ ਹਨ।
7. ਸੂਚੀਬੱਧ ਰਕਮ, ਜੇਕਰ ਲਾਗੂ ਹੁੰਦੀ ਹੈ, ਤਾਂ ਜਨਤਕ ਜਾਂ ਗੈਰ-ਲਾਭਕਾਰੀ ਸਕੂਲ ਤੋਂ ਪ੍ਰਾਪਤ ਕੀਤੀ ਤਨਖ਼ਾਹ ਤੋਂ ਬਿਨਾਂ ਤੁਹਾਡਾ ਅਵਾਰਡ ਹੈ। ਜੇ ਤੁਸੀਂ ਆਈਟਮ 12 ਲਈ ਟੇਬਲ ਵਿੱਚ ਸੂਚੀਬੱਧ ਕਿਸੇ ਵੀ ਤਿਮਾਹੀ ਦੌਰਾਨ ਕਿਸੇ ਜਨਤਕ ਜਾਂ ਗੈਰ-ਲਾਭਕਾਰੀ ਸਕੂਲ ਲਈ ਕੰਮ ਕੀਤਾ ਹੈ, ਤਾਂ ਤੁਸੀਂ ਸਕੂਲ ਦੀ ਛੁੱਟੀ ਦੀ ਮਿਆਦ ਦੇ ਦੌਰਾਨ ਆਪਣੇ ਦਾਅਵੇ ਵਿੱਚ ਉਹਨਾਂ ਤਨਖ਼ਾਹਾਂ ਦੀ ਵਰਤੋਂ ਕਰਨ ਦੇ ਯੋਗ ਨਹੀਂ ਹੋ ਸਕਦੇ ਹੋ।
8. ਕਾਨੂੰਨ ਦੇ ਤਹਿਤ, ਤੁਹਾਨੂੰ ਫਾਇਦਿਆਂ ਦਾ ਦਾਅਵਾ ਕਰਨ ਵੇਲੇ ਕੰਮ ਲੱਭਣ ਲਈ ਸਾਰੇ ਉਚਿਤ ਯਤਨ ਕਰਨੇ ਜ਼ਰੂਰੀ ਹਨ।
9. ਬੇਰੁਜ਼ਗਾਰੀ ਬੀਮਾ ਕੋਡ (ਸੈਕਸ਼ਨ 1277) ਅਨੁਸਾਰ ਲੋੜੀਂਦਾ ਹੈ ਕਿ ਤੁਸੀਂ ਅਗਲੇ ਸਾਲ ਇੱਕ ਜਾਇਜ਼ ਦਾਅਵਾ ਕਰਨ ਲਈ ਪੁਰਾਣੇ ਦਾਅਵੇ ਦੀ ਸ਼ੁਰੂਆਤ ਅਤੇ ਸਮਾਪਤੀ ਦੀਆਂ ਤਾਰੀਖ਼ਾਂ ਦੇ ਵਿਚਕਾਰ ਕੰਮ ਕਰੋ। ਜੇਕਰ ਇਹ ਤੁਹਾਡੇ ਦਾਅਵੇ 'ਤੇ ਲਾਗੂ ਹੁੰਦਾ ਹੈ ਤਾਂ ਤੁਹਾਨੂੰ ਵਾਧੂ ਨਿਰਦੇਸ਼ ਪ੍ਰਾਪਤ ਹੋਣਗੇ।
10. ਤੁਹਾਡੇ ਦਾਅਵੇ ਨੂੰ ਸਥਾਪਿਤ ਕਰਨ ਲਈ ਵਰਤੀ ਜਾਣ ਵਾਲੀ ਆਧਾਰ ਮਿਆਦ ਦੀ ਕਿਸਮ; ਇਹ ਜਾਂ ਤਾਂ ਮਿਆਰੀ ਬੇਸ ਪੀਰੀਅਡ ਜਾਂ ਵਿਕਲਪਿਕ ਬੇਸ ਪੀਰੀਅਡ ਹੋਵੇਗਾ।
11. ਸੂਚੀਬੱਧ ਹਰੇਕ ਕੈਲੰਡਰ ਤਿਮਾਹੀ ਦੌਰਾਨ EDD ਨੂੰ ਤੁਹਾਡੀਆਂ ਕਮਾਈਆਂ ਦੀ ਰਿਪੋਰਟ ਕਰਨ ਲਈ ਤੁਹਾਡੇ ਰੁਜ਼ਗਾਰਦਾਤਾ ਦੁਆਰਾ ਵਰਤਿਆ ਗਿਆ ਨਾਮ।
12. ਇਹ UI ਉਦੇਸ਼ਾਂ ਲਈ ਸੰਭਾਵੀ ਤੌਰ 'ਤੇ ਵਰਤੋਂ ਯੋਗ ਤਨਖ਼ਾਹਾਂ ਹਨ ਜੋ ਤੁਹਾਡੇ ਰੁਜ਼ਗਾਰਦਾਤਾ(ਵਾਂ) ਨੇ ਸੂਚੀਬੱਧ ਹਰੇਕ ਕੈਲੰਡਰ ਤਿਮਾਹੀ ਦੌਰਾਨ ਤੁਹਾਡੀ ਕਮਾਈ ਦੀ ਰਿਪੋਰਟ ਕੀਤੀ ਹੈ। ਹਰੇਕ ਕੈਲੰਡਰ ਤਿਮਾਹੀ ਵਿੱਚ ਤਿੰਨ ਮਹੀਨਿਆਂ ਦੀ ਮਿਆਦ ਹੁੰਦੀ ਹੈ। ਇਹ ਕਮਾਈਆਂ ਤੁਹਾਡੇ ਫਾਇਦੇ ਦੇ ਅਵਾਰਡ ਦੀ ਰਕਮ ਨੂੰ ਨਿਰਧਾਰਤ ਕਰਦੀਆਂ ਹਨ।
13. ਆਈਟਮ 12 ਲਈ ਟੇਬਲ ਵਿੱਚ ਸੂਚੀਬੱਧ ਕੈਲੰਡਰ ਤਿਮਾਹੀ ਦੌਰਾਨ ਤੁਹਾਡੇ ਲਈ ਕੰਮ ਕਰਨ ਵਾਲੇ ਰੁਜ਼ਗਾਰਦਾਤਾ(ਵਾਂ) ਦਾ ਨਾਮ।
14. ਆਈਟਮ 12 ਲਈ ਸਾਰਣੀ ਵਿੱਚ ਸੂਚੀਬੱਧ ਹਰੇਕ ਕੈਲੰਡਰ ਤਿਮਾਹੀ ਵਿੱਚ ਸਾਰੇ ਰੁਜ਼ਗਾਰਦਾਤਾ(ਵਾਂ) ਦੁਆਰਾ ਰਿਪੋਰਟ ਕੀਤੀ ਕਮਾਈ ਦੀ ਕੁੱਲ ਰਕਮ।

ਬੇਰੁਜ਼ਗਾਰੀ ਬੀਮਾ ਫਾਇਦਿਆਂ ਦੀ **ਸਮੱਗਰੀ ਨੂੰ ਜਾਣਨ ਲਈ ਤੁਸੀਂ ਜ਼ਿੰਮੇਵਾਰ ਹੋ**: ਤੁਹਾਨੂੰ ਕੀ ਜਾਣਨ ਦੀ ਲੋੜ ਹੈ (DE 1275B), **ਅਤੇ** ਹੈਂਡਬੁੱਕ ਦੀ ਸਮੱਗਰੀ, ਫਾਇਦੇ ਅਤੇ ਰੁਜ਼ਗਾਰ ਸੇਵਾਵਾਂ ਲਈ ਇੱਕ ਗਾਈਡ, (DE 1275A)। ਦੋਵੇਂ ਪ੍ਰਕਾਸ਼ਨ ਤੁਹਾਡੇ ਬੇਰੁਜ਼ਗਾਰੀ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਦੀ ਵਿਆਖਿਆ ਕਰਦੇ ਹਨ ਅਤੇ edd.ca.gov/forms/ 'ਤੇ ਉਪਲਬਧ ਹਨ।

**UI ਫਾਇਦੇ ਪ੍ਰਾਪਤ ਕਰਨ ਲਈ, ਤੁਹਾਨੂੰ ਹੇਠ ਲਿਖੇ ਤਰੀਕਿਆਂ ਵਿੱਚੋਂ ਇੱਕ ਦੀ ਵਰਤੋਂ ਕਰਦੇ ਹੋਏ ਸ਼ੁਰੂ ਵਿੱਚ ਅਤੇ ਫਿਰ ਹਰ ਦੋ ਹਫ਼ਤਿਆਂ ਵਿੱਚ ਫਾਇਦਿਆਂ ਲਈ ਪ੍ਰਮਾਣਿਤ ਕਰਨਾ ਲਾਜ਼ਮੀ ਹੈ:** UI Online℠, EDD Tele-Cert℠, ਜਾਂ ਇੱਕ ਕਾਗਜ਼ੀ ਜਾਰੀ ਦਾਅਵਾ ਫਾਰਮ, (DE 4581) ਜਮ੍ਹਾਂ ਕਰੋ। ਫਾਇਦਿਆਂ ਲਈ ਪ੍ਰਮਾਣਿਤ ਕਰਨ ਬਾਰੇ ਹੋਰ ਜਾਣਕਾਰੀ ਲਈ, edd.ca.gov/forms/ 'ਤੇ ਉਪਲਬਧ DE 1275 ਹੈਂਡਬੁੱਕ ਵੇਖੋ।

**ਇੱਕ UI ਦਾਅਵੇ ਨੂੰ ਕਿਵੇਂ ਰੱਦ ਕਰਨਾ ਹੈ**

ਇਹ ਨੋਟਿਸ ਪ੍ਰਾਪਤ ਕਰਨ ਤੋਂ ਬਾਅਦ ਤੁਹਾਡੇ ਕੋਲ ਆਪਣੇ ਦਾਅਵੇ ਨੂੰ ਰੱਦ ਕਰਨ ਦਾ ਵਿਕਲਪ ਮੌਜੂਦ ਹੁੰਦਾ ਹੈ। ਜੇਕਰ ਤੁਸੀਂ ਆਪਣਾ ਦਾਅਵਾ ਰੱਦ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਫੌਰਨ EDD ਨਾਲ ਸੰਪਰਕ ਕਰਨ ਦੀ ਲੋੜ ਹੈ। UI ਫਾਇਦਿਆਂ ਲਈ ਪ੍ਰਮਾਣਿਤ ਨਾ ਕਰੋ। ਕਾਨੂੰਨ ਤੁਹਾਨੂੰ ਸਿਰਫ਼ UI ਦਾਅਵੇ ਨੂੰ ਰੱਦ ਕਰਨ ਦੀ ਇਜਾਜ਼ਤ ਦਿੰਦਾ ਹੈ ਜੇਕਰ ਕਿਸੇ ਫਾਇਦੇ ਦਾ ਭੁਗਤਾਨ ਨਹੀਂ ਕੀਤਾ ਗਿਆ ਹੈ, ਤੁਹਾਨੂੰ ਅਯੋਗਤਾ ਦਾ ਕੋਈ ਨੋਟਿਸ ਨਹੀਂ ਭੇਜਿਆ ਗਿਆ ਹੈ, ਦਾਅਵੇ 'ਤੇ ਕੋਈ ਜ਼ਿਆਦਾ ਭੁਗਤਾਨ ਨਹੀਂ ਕੀਤਾ ਗਿਆ ਹੈ, ਅਤੇ ਤੁਹਾਡੇ ਦਾਅਵੇ ਦਾ ਫਾਇਦਾ ਵਰ੍ਹਾ ਖਤਮ ਨਹੀਂ ਹੋਇਆ ਹੈ। ਜੇਕਰ ਦਾਅਵਾ ਰੱਦ ਕਰ ਦਿੱਤਾ ਜਾਂਦਾ ਹੈ, ਤਾਂ ਇਸਨੂੰ ਦੁਬਾਰਾ ਨਹੀਂ ਖੋਲ੍ਹਿਆ ਜਾ ਸਕਦਾ।